# ALTA CALIFORNIA REGIONAL CENTER

## ਸਵੈ-ਨਿਰਧਾਰਨ ਪ੍ਰੋਗਰਾਮ (Self Determination Program, SDP)

## ਸਾਲ 2+ ਭਾਗੀਦਾਰ ਦੀ ਚੈੱਕਲਿਸਟ

ਇਹ ਟੂਲ ਭਾਗੀਦਾਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਰਵਾਇਤੀ ਸੇਵਾਵਾਂ ਤੋਂ SDP ਵਿੱਚ ਤਬਦੀਲ ਕਰਨ ਦੀ ਪ੍ਰਕਿਰਿਆ ਵਿੱਚ ਨੈਵੀਗੇਟ ਕਰਨ ਵਿੱਚ ਸਹਾਇਤਾ ਕਰਦਾ ਹੈ। ***SC ਨੂੰ ਸਾਰੇ ਕਦਮਾਂ ਵਿੱਚ ਸ਼ਾਮਲ ਨਹੀਂ ਹੋਣਗੇ।***

| | | |
|---|---|---|
| ☐ | ਭਾਗੀਦਾਰ SDP ਓਰੀਐਂਟੇਸ਼ਨ ਨੂੰ ਪੂਰਾ ਕਰੇਗਾ | ਓਰੀਐਂਟੇਸ਼ਨ ਸਵੈ-ਨਿਰਧਾਰਨ ਪ੍ਰੋਗਰਾਮ **(SDP)** ਦੀ ਸੰਖੇਪ ਜਾਣਕਾਰੀ ਅਤੇ ਵਿਆਖਿਆ ਦੀ ਪੇਸ਼ਕਸ਼ ਕਰਦੀ ਹੈ। SDP ਓਰੀਐਂਟੇਸ਼ਨ ਨੂੰ ਪੂਰਾ ਕਰਨ ਤੋਂ ਬਾਅਦ, ਕਿਰਪਾ ਕਰਕੇ ਓਰੀਐਂਟੇਸ਼ਨ ਸਰਟੀਫਿਕੇਟ ਦੀ ਇੱਕ ਕਾਪੀ ਪ੍ਰਦਾਨ ਕਰਾਉਣ ਲਈ ਆਪਣੇ ਸਰਵਿਸ ਕੋਆਰਡੀਨੇਟਰ ਨਾਲ ਸੰਪਰਕ ਕਰੋ ਅਤੇ ਉਨ੍ਹਾਂ ਨੂੰ ਸੂਚਿਤ ਕਰੋ ਕਿ ਤੁਸੀਂ SDP ਵਿੱਚ ਰਜਿਸਟਰ ਹੋਣਾ ਚਾਹੁੰਦੇ ਹੋ।<br><br>ਸਮਾਂ-ਸੀਮਾ: ਗਾਹਕ ਆਪਣੀ ਸਹੂਲਤ ਅਨੁਸਾਰ। |
| ☐ | ਭਾਗੀਦਾਰ ਸਲਾਹ-ਮਸ਼ਵਰਾ ਕਰਦਾ ਹੈ ਅਤੇ ਸਵਤੰਤਰ ਫੈਸਿਲੀਟੇਟਰ **(IF)** ਦੀ ਚੋਣ ਕਰਦਾ ਹੈ (ਇੱਛਿਕ)<br><br>ਹਾਂ ☐ ਨਹੀਂ ☐<br><br>ਜੇ ਹਾਂ, ਤਾਂ **IF** ਨਾਮ:<br>ਈਮੇਲ:<br>ਫ਼ੋਨ ਨੰਬਰ:<br><br>ਦਸਤਖ਼ਤ ਕੀਤੀ ਅਤੇ ਦਾਇਰ ਕੀਤੀ ਜਾਣਕਾਰੀ ਰਿਲੀਜ਼ ਕਰਨਾ (ਲੋੜੀਂਦਾ):<br>ਹਾਂ ☐ ਨਹੀਂ ☐ | ਸੁਤੰਤਰ ਫੈਸਿਲੀਟੇਟਰ (IF) ਵਿਅਕਤੀ-ਕੇਂਦ੍ਰਿਤ ਯੋਜਨਾ ਵਿੱਚ ਮਦਦ ਕਰ ਸਕਦਾ ਹੈ ਅਤੇ SDP ਵਿੱਚ ਤਬਦੀਲੀ ਵਿੱਚ ਸਹਾਇਤਾ ਕਰ ਸਕਦਾ ਹੈ।<br><br>ਇੱਕ ਸੁਤੰਤਰ ਫੈਸਿਲੀਟੇਟਰ (IF) ਨੂੰ ਭਾਗੀਦਾਰ ਦੁਆਰਾ ਚੁਣਿਆ ਜਾਂਦਾ ਹੈ ਅਤੇ ਨਿਰਦੇਸ਼ਤ ਕੀਤਾ ਜਾਂਦਾ ਹੈ ਅਤੇ ਉਹ ਜ਼ਰੂਰਤਾਂ ਦੀ ਪਛਾਣ ਕਰਨ, ਵਿਅਕਤੀਗਤ ਬਜਟ ਬਾਰੇ ਸੂਚਿਤ ਫੈਸਲੇ ਲੈਣ, IPP ਦੇ ਅਨੁਕੂਲ ਸੇਵਾਵਾਂ ਅਤੇ ਸਹਾਇਤਾ ਦਾ ਪਤਾ ਲਗਾਉਣ, ਉਹਨਾਂ ਤੱਕ ਪਹੁੰਚ ਕਰਨ ਅਤੇ ਤਾਲਮੇਲ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ।<br><br>ਸੁਤੰਤਰ ਫੈਸਿਲੀਟੇਟਰ (IF) ਦੀ ਲਾਗਤ, ਜੇ ਕੋਈ ਹੈ, ਰੀਜਨਲ ਸੈਂਟਰ ਦੁਆਰਾ ਵੱਧ ਤੋਂ ਵੱਧ 40 ਸਹਾਇਤਾ ਘੰਟਿਆਂ ਲਈ ਅਦਾ ਕੀਤੀ ਜਾਏਗੀ। ਇਹ ਫ਼ੰਡ ਸਹਾਇਤਾ ਕੇਵਲ SDP ਵਿੱਚ ਤਬਦੀਲ ਹੋਣ ਤੋਂ ਪਹਿਲਾਂ ਹੀ ਉਪਲਬਧ ਹੈ। ਭਾਗੀਦਾਰ ਸ਼ੁਰੂਆਤੀ SDP ਤਬਦੀਲੀ ਹੋਣ ਤੋਂ ਬਾਅਦ ਅੱਗੇ ਕੰਮ ਕਰਨ ਲਈ ਸੁਤੰਤਰ ਫੈਸਿਲੀਟੇਟਰ (IF) ਨੂੰ ਕੰਮ 'ਤੇ ਰੱਖਣ ਦੀ ਚੋਣ ਕਰ ਸਕਦਾ ਹੈ ਅਤੇ ਖਰਚ ਯੋਜਨਾ ਰਾਹੀਂ ਇਹਨਾਂ ਸੇਵਾਵਾਂ ਵਾਸਤੇ ਭੁਗਤਾਨ ਕਰ ਸਕਦਾ ਹੈ। |

| | | |
|---|---|---|
| | | ਸਮਾਂ-ਸੀਮਾ: IF ਚੋਣ ਦੀ ਸੂਚਨਾ ਪ੍ਰਾਪਤ ਹੋਣ 'ਤੇ, ਸਰਵਿਸ ਕੋਆਰਡੀਨੇਟਰ ਗਾਹਕ ਨੂੰ ਰਿਲੀਜ਼ ਆਫ ਇਨਫਾਰਮੇਸ਼ਨ (Release of Information) ਭੇਜੇਗਾ। ਦੋ ਕਾਰੋਬਾਰੀ ਦਿਨਾਂ ਦੇ ਅੰਦਰ, ਸਰਵਿਸ ਕੋਆਰਡੀਨੇਟਰ ਪ੍ਰਾਪਤੀ ਦੀ ਪੁਸ਼ਟੀ ਕਰੇਗਾ ਅਤੇ ਇਹ ਦੱਸੇਗਾ ਕਿ ਰਿਲੀਜ਼ ਆਫ ਇਨਫਾਰਮੇਸ਼ਨ (Release of Information) ਗਾਹਕ/ਕੰਜ਼ਰਵੇਟਰ/ਗਾਰਡੀਅਨ ਨੂੰ ਕਦੋਂ ਭੇਜਿਆ ਜਾਵੇਗਾ।<br>ਇੱਕ ਵਾਰ ਜਦੋਂ ਸੁਤੰਤਰ ਫੈਸਿਲੀਟੇਟਰ (IF) ਪ੍ਰਸਤਾਵਿਤ ਤਬਦੀਲੀ ਸੇਵਾਵਾਂ ਬਾਰੇ ਲਿਖਤੀ ਜਾਣਕਾਰੀ ਦੇ ਦਿੰਦਾ ਹੈ ਜੋ ਉਹ ਪ੍ਰਦਾਨ ਕਰਨ ਦਾ ਇਰਾਦਾ ਰੱਖਦੇ ਹਨ ਅਤੇ ਅੰਦਾਜ਼ਨ ਘੰਟਿਆਂ ਬਾਰੇ ਦੱਸ ਦਿੰਦਾ ਹੈ ਤਾਂ ਸਰਵਿਸ ਕੋਆਰਡੀਨੇਟਰ 30 ਦਿਨਾਂ ਦੇ ਅੰਦਰ ਗਾਹਕ/ਕੰਜ਼ਰਵੇਟਰ/ਗਾਰਡੀਅਨ ਨੂੰ ਇੱਕ IPP ਸੋਧ ਤਿਆਰ ਕਰਕੇ ਭੇਜੇਗਾ। ਜਿਵੇਂ ਹੀ ਸੋਧ 'ਤੇ ਦਸਤਖਤ ਹੋ ਜਾਂਦੇ ਹਨ, ਸਰਵਿਸ ਕੋਆਰਡੀਨੇਟਰ ACRC ਦੀ ਰਚੇਜ਼ ਆਫ ਸਰਵਿਸ (POS) ਨੀਤੀ ਅਤੇ ਪ੍ਰਕਿਰਿਆਵਾਂ ਅਨੁਸਾਰ ਇੱਕ ਹਫ਼ਤੇ ਦੇ ਅੰਦਰ ਭੁਗਤਾਨ ਲਈ ਖਰੀਦ ਦੀ ਬੇਨਤੀ ਜਮ੍ਹਾਂ ਕਰੇਗਾ/ਕਰੇਗੀ। |
| ☐ | ਭਾਗੀਦਾਰ ਇੱਕ ਵਿਅਕਤੀ-ਕੇਂਦ੍ਰਿਤ ਯੋਜਨਾ ਵਿੱਚ ਭਾਗ ਲੈਂਦਾ ਹੈ (ਵਿਕਲਪਿਕ) | ਇਹ ਯੋਜਨਾ ਬਾਕੀ ਬਚੇ ਸਾਲ ਦੌਰਾਨ ਭਾਗੀਦਾਰ ਦਾ ਮਾਰਗ ਦਰਸ਼ਨ ਕਰੇਗੀ।<br><br>ਇਹ ਯੋਜਨਾ ਬਜਟ ਤਿਆਰ ਕਰਨ ਅਤੇ ਖਰਚ ਯੋਜਨਾ ਵਿੱਚ ਸੇਵਾਵਾਂ ਲਈ ਲੋੜਾਂ ਦੀ ਪਹਿਚਾਣ ਕਰਨ ਵਿੱਚ ਮਦਦ ਕਰਨ ਲਈ ਵੀ ਕੀਤੀ ਜਾਂਦੀ ਹੈ।<br><br>ਵਿਅਕਤੀ-ਕੇਂਦਰਿਤ ਯੋਜਨਾ ਦੀ ਲਾਗਤ, ਜੇ ਕੋਈ ਹੈ, ਰੀਜਨਲ ਸੈਂਟਰ ਦੁਆਰਾ $1,000 ਤੱਕ ਦਾ ਭੁਗਤਾਨ ਕੀਤੀ ਜਾਵੇਗੀ। ਇਹ ਫ਼ੰਡ ਸਹਾਇਤਾ ਕੇਵਲ SDP ਵਿੱਚ ਤਬਦੀਲ ਹੋਣ ਤੋਂ ਪਹਿਲਾਂ ਹੀ ਉਪਲਬਧ ਹੈ।<br><br>ਸਮਾਂ-ਸੀਮਾ: ਇੱਕ ਵਾਰ IPP ਅਤੇ ਇਨਵੌਇਸ ਪ੍ਰਾਪਤ ਹੋਣ ਤੋਂ ਬਾਅਦ, ਸਰਵਿਸ ਕੋਆਰਡੀਨੇਟਰ 30 ਦਿਨਾਂ ਦੇ ਅੰਦਰ ਕਲਾਇੰਟ/ਕੰਜ਼ਰਵੇਟਰ/ਸਰਪ੍ਰਸਤ ਨੂੰ ਇੱਕ IPP ਸੋਧ ਭੇਜੇਗਾ। ਜਿਵੇਂ ਹੀ ਸੋਧ 'ਤੇ ਦਸਤਖਤ ਹੋ ਜਾਂਦੇ ਹਨ, ਸਰਵਿਸ ਕੋਆਰਡੀਨੇਟਰ ACRC ਦੀ ਰਚੇਜ਼ ਆਫ ਸਰਵਿਸ (POS) ਨੀਤੀ ਅਤੇ ਪ੍ਰਕਿਰਿਆਵਾਂ ਅਨੁਸਾਰ ਇੱਕ ਹਫ਼ਤੇ ਦੇ ਅੰਦਰ ਭੁਗਤਾਨ ਲਈ ਖਰੀਦ ਦੀ ਬੇਨਤੀ ਜਮ੍ਹਾਂ ਕਰੇਗਾ/ਕਰੇਗੀ। |
| ☐ | ਯੋਜਨਾ ਟੀਮ ਲੋੜਾਂ ਬਾਰੇ ਵਿਚਾਰ-ਵਟਾਂਦਰਾ ਕਰੇਗੀ | ਯੋਜਨਾ ਟੀਮ ਗਾਹਕ ਦੀਆਂ ਲੋੜਾਂ ਬਾਰੇ ਵਿਚਾਰ-ਵਟਾਂਦਰਾ ਕਰਦੀ ਹੈ। ਲੋੜ ਪੈਣ 'ਤੇ, ਸੇਵਾਵਾਂ ਦਾ ਮੁਲਾਂਕਣ ਕਰਨ ਲਈ, ਸਰਵਿਸ ਕੋਆਰਡੀਨੇਟਰ ਦਸਤਾਵੇਜ਼ਾਂ ਦੀ ਬੇਨਤੀ ਕਰੇਗਾ। ਜੇ ਬੇਨਤੀ ਕੀਤੇ ਦਸਤਾਵੇਜ਼ ਪ੍ਰਾਪਤ ਨਹੀਂ ਹੁੰਦੇ ਤਾਂ ਯੋਜਨਾ ਟੀਮ ਅੱਗੇ ਵਧਣ ਲਈ ਇੱਕ ਸਮਾਂ-ਸੀਮਾ 'ਤੇ ਸਹਿਮਤ ਹੋਵੇਗੀ। ਸਰਵਿਸ ਕੋਆਰਡੀਨੇਟਰ ਕਿਸੇ ਵੀ |

| | | |
|---|---|---|
| | | ਸੇਵਾ ਬੇਨਤੀਆਂ ਵਾਸਤੇ ਸਮਾਂ-ਸੀਮਾਵਾਂ ਬਾਰੇ ਦੱਸੇਗਾ ਜਿੰਨ੍ਹਾਂ ਵਾਸਤੇ ਕਮੇਟੀ ਦੀ ਸਮੀਖਿਆ ਦੀ ਲੋੜ ਹੁੰਦੀ ਹੈ। |
| ☐ | ਸਰਵਿਸ ਕੋਆਰਡੀਨੇਟਰ ਬਜਟ ਬਣਾਏਗਾ | ਸਰਵਿਸ ਕੋਆਰਡੀਨੇਟਰ ਯੋਜਨਾ ਟੀਮ ਦੇ ਸੇਵਾਵਾਂ ਬਾਰੇ ਕੀਤੀ ਗਈ ਸਹਿਮਤੀ ਦੇ ਆਧਾਰ ‘ਤੇ ਬਜਟ ਦੀ ਬੇਨਤੀ ਤਿਆਰ ਕਰੇਗਾ/ਕਰੇਗੀ। ਬਜਟ ਪਿਛਲੇ 12 ਮਹੀਨਿਆਂ ਵਿੱਚ ਸੇਵਾਵਾਂ ਲਈ ਅਧਿਕਾਰਤ ਰੀਜਨਲ ਸੈਂਟਰ ਦੇ ਫੰਡਾਂ ਦੀ ਰਕਮ ਦੇ ਬਰਾਬਰ ਹੈ ਅਤੇ ਨਾਲ ਹੀ ਯੋਜਨਾ ਟੀਮ ਦੀ ਮੀਟਿੰਗ ਵਿੱਚ ਪਛਾਣੀਆਂ ਗਈਆਂ ਹਾਲਾਤਾਂ ਵਿੱਚ ਤਬਦੀਲੀ ਦੇ ਅਧਾਰ 'ਤੇ ਕਿਸੇ ਵੀ ਨਵੀਂ ਨਿਰਧਾਰਤ ਲੋੜਾਂ ਦੇ ਬਰਾਬਰ ਹੁੰਦਾ ਹੈ।<br><br>ਇੱਕ ਵਾਰ ਜਦੋਂ ਬਜਟ ਬਣਾਇਆ ਜਾਂਦਾ ਹੈ, ਤਾਂ ਸਰਵਿਸ ਕੋਆਰਡੀਨੇਟਰ ਭਾਗੀਦਾਰ ਨੂੰ ਇੱਕ ਕਾਪੀ ਭੇਜੇਗਾ। ਯੋਜਨਾ ਟੀਮ ਇੰਡੀਵਿਜੁਅਲ ਬਜਟ ਕੈਲਕੁਲੇਸ਼ਨ ਐਂਡ ਸਰਟੀਫਿਕੇਸ਼ਨ ਟੂਲ **(IBCCT)** ਦੀ ਸਮੀਖਿਆ ਕਰੇਗੀ।<br><br>ਇੱਕ ਵਾਰ ਜਦੋਂ ਗਾਹਕ ਜਾਂ ਉਸਦਾ ਕਾਨੂੰਨੀ ਪ੍ਰਤੀਨਿਧ IBCCT 'ਤੇ ਦਸਤਖ਼ਤ ਕਰ ਦਿੰਦਾ ਹੈ, ਤਾਂ ਇਹ ਪ੍ਰਮਾਣਿਤ ਹੋ ਜਾਂਦਾ ਹੈ।<br><br>ਸਮਾਂ-ਸੀਮਾ: ਯੋਜਨਾ ਟੀਮ ਸਰਵਿਸ ਕੋਆਰਡੀਨੇਟਰ ਲਈ ਬਜਟ ਬੇਨਤੀ ਬਣਾਉਣ ਦੇ ਸਮੇਂ 'ਤੇ ਸਹਿਮਤ ਹੋਵੇਗੀ। ਇੱਕ ਵਾਰ ਜਦ ਸਰਵਿਸ ਕੋਆਰਡੀਨੇਟਰ ਬਜਟ ਬੇਨਤੀ ਜਮ੍ਹਾਂ ਕਰ ਦਿੰਦਾ ਹੈ, ਤਾਂ ਇਸਨੂੰ ਚਾਰ ਕਾਰੋਬਾਰੀ ਦਿਨਾਂ ਦੇ ਅੰਦਰ ਤਿਆਰ ਕੀਤਾ ਜਾਵੇਗਾ। ਫੇਰ ਸਰਵਿਸ ਕੋਆਰਡੀਨੇਟਰ ਦੋ ਕਾਰੋਬਾਰੀ ਦਿਨਾਂ ਦੇ ਅੰਦਰ ਭਾਗੀਦਾਰ ਨੂੰ ਬਜਟ ਪ੍ਰਦਾਨ ਕਰੇਗਾ। |
| ☐ | ਭਾਗੀਦਾਰ ਸਲਾਹ-ਮਸ਼ਵਰਾ ਕਰਦਾ ਹੈ ਅਤੇ ਕਿਸੇ [ਵਿੱਤੀ ਪ੍ਰਬੰਧਨ ਸੇਵਾ (**Financial Management Service, FMS)** ਦੀ ਚੋਣ ਕਰਦਾ ਹੈ] | ਭਾਗੀਦਾਰ ਇੱਕ ਵੈਂਡਰ FMS ਏਜੰਸੀ ਦੀ ਪਛਾਣ ਕਰਦਾ ਹੈ। FMS SDP ਵਿੱਚ ਇਕੋਂ ਇਕ ਲੋੜੀਂਦਾ ਰੀਜਨਲ ਸੈਂਟਰ ਵੈਂਡਰ ਹੈ। FMS ਪ੍ਰਦਾਤਾਵਾਂ ਨੂੰ ਭੁਗਤਾਨ ਜਾਰੀ ਕਰਨ ਲਈ ਜ਼ਿੰਮੇਵਾਰ ਹੈ। ਸਾਰੇ ਪ੍ਰਦਾਤਾ, ਭਾਵੇਂ ਕਾਰੋਬਾਰੀ ਹੋਣ ਜਾਂ ਵਿਅਕਤੀਗਤ ਕਰਮਚਾਰੀ, ਭੁਗਤਾਨ ਪ੍ਰਾਪਤ ਕਰਨ ਲਈ ਉਹਨਾਂ ਦਾ ਗਾਹਕ ਦੀ FMS ਨਾਲ ਆਨਬੋਰਡ ਹੋਣਾ ਲਾਜ਼ਮੀ ਹੈ। FMS ਆਨਬੋਰਡਿੰਗ ਪ੍ਰਕਿਰਿਆ ਅਤੇ ਪ੍ਰਦਾਤਾ ਦੀਆਂ ਜ਼ਰੂਰਤਾਂ ਬਾਰੇ ਨਿਰਦੇਸ਼ ਦੇਵੇਗਾ। FMS ਅਤੇ ਗਾਹਕ ਇਹ ਤਸਦੀਕ ਕਰਨ ਲਈ ਜ਼ਿੰਮੇਵਾਰ ਹਨ ਕਿ ਪ੍ਰਦਾਤਾ ਉਨ੍ਹਾਂ ਸੇਵਾਵਾਂ ਲਈ ਯੋਗ ਹਨ ਜਿਹਨਾਂ ਨੂੰ ਕਰਨ ਲਈ ਉਹਨਾਂ ਨੂੰ ਰੱਖਿਆ ਗਿਆ ਹੈ। ਭਾਗੀਦਾਰ ਇਹ ਤਸਦੀਕ ਕਰਨ ਲਈ ਜ਼ਿੰਮੇਵਾਰ ਹੈ ਕਿ ਉਨ੍ਹਾਂ ਦੇ ਲੋੜੀਂਦੇ ਪ੍ਰਦਾਤਾ FMS ਦੇ ਨਾਲ ਆਨਬੋਰਡ ਹੋਣਗੇ ਅਤੇ SDP ਭਾਗੀਦਾਰਾਂ / ਫੰਡਾਂ ਨੂੰ ਸਵੀਕਾਰ ਕਰਨਗੇ। |

| | | |
|---|---|---|
| | | ☐ **<u>ਬਿੱਲ ਦਾ ਭੁਗਤਾਨ ਕਰਨ ਵਾਲਾ</u>**<br>- FMS ਕੰਪਨੀਆਂ ਦੇ ਇਨਵੌਇਸਾਂ ਦਾ ਭੁਗਤਾਨ ਕਰਦਾ ਹੈ<br>- ਵਿਅਕਤੀਆਂ ਨੂੰ ਕੰਪਨੀ ਵਲੋਂ ਨੌਕਰੀ ਦਿੱਤੀ ਜਾਂਦੀ ਹੈ<br>- ਭਾਗੀਦਾਰ ਆਪਣੇ ਕਰਮਚਾਰੀਆਂ ਦਾ ਸਿੱਧਾ ਰੁਜ਼ਗਾਰਦਾਤਾ ਨਹੀਂ ਬਣਨਾ ਚਾਹੁੰਦਾ<br>**FMS ਕੰਪਨੀਆਂ ਨੂੰ ਸੇਵਾਵਾਂ ਅਤੇ ਸਹਾਇਤਾਵਾਂ ਲਈ ਭੁਗਤਾਨ ਕਰੇਗਾ**<br><br>☐ **ਸਹਿ-<u>ਮਾਲਕ</u>**<br>- ਕਾਰੋਬਾਰਾਂ ਜਾਂ ਵਿਅਕਤੀਗਤ ਕਰਮਚਾਰੀਆਂ ਨੂੰ ਸੇਵਾਵਾਂ ਲਈ ਕੰਮ 'ਤੇ ਰੱਖਿਆ ਜਾ ਸਕਦਾ ਹੈ।<br>- ਭਾਗੀਦਾਰ ਆਪਣੇ ਕਰਮਚਾਰੀਆਂ ਦੇ ਮਾਲਕ ਹੋਣ ਦੀ ਜ਼ਿੰਮੇਵਾਰੀ FMS ਨਾਲ ਸਾਂਝੀ ਕਰਨਾ ਚਾਹੁੰਦਾ ਹੈ<br>- FMS ਸਾਰੇ ਰੁਜ਼ਗਾਰ ਕਾਨੂੰਨਾਂ ਦੀ ਪਾਲਣਾ ਕਰਦਾ ਹੈ<br>- FMS ਰੁਜ਼ਗਾਰ ਨਾਲ ਸਬੰਧਿਤ ਜ਼ਰੂਰੀ ਬੀਮੇ ਨੂੰ ਸੰਭਾਲਦਾ ਹੈ<br>- FMS ਮਾਲਕ ਹੋਣ ਦੀ ਜ਼ਿੰਮੇਵਾਰੀ ਸਾਂਝੀ ਕਰਦਾ ਹੈ<br>- ਭਾਗੀਦਾਰ ਇਹ ਯਕੀਨੀ ਬਣਾਉਂਦਾ ਹੈ ਕਿ ਟਾਈਮਕਾਰਡ ਸਪੁਰਦ ਅਤੇ ਮਨਜ਼ੂਰ ਕੀਤੇ ਗਏ ਹਨ<br>- ਭਾਗੀਦਾਰ ਇਹ ਯਕੀਨੀ ਬਣਾਉਂਦਾ ਹੈ ਕਿ ਇਨਵੌਇਸ ਸਪੁਰਦ ਅਤੇ ਮਨਜ਼ੂਰ ਕੀਤੇ ਗਏ ਹਨ<br>**FMS ਪਿਛੋਕੜ ਅਤੇ ਯੋਗਤਾਵਾਂ ਦੀ ਜਾਂਚ ਕਰਦਾ ਹੈ ਅਤੇ ਕਾਮਿਆਂ ਦੀ ਮੁਆਵਜ਼ਾ ਨੀਤੀ ਨੂੰ ਸੰਭਾਲਦਾ ਹੈ**<br><br>☐ **<u>ਇਕਲੌਤਾ ਮਾਲਕ</u>**<br>- ਸੇਵਾਵਾਂ ਲਈ ਕੰਪਨੀਆਂ ਜਾਂ ਵਿਅਕਤੀਗਤ ਕਰਮਚਾਰੀਆਂ ਨੂੰ ਕੰਮ 'ਤੇ ਰੱਖਿਆ ਜਾ ਸਕਦਾ ਹੈ।<br>- **ਇਹ ਤੁਹਾਡਾ ਆਪਣਾ ਛੋਟਾ ਕਾਰੋਬਾਰ ਹੋਣਾ ਵਰਗਾ ਹੈ**<br>- ਭਾਗੀਦਾਰ ਆਪਣੇ ਕਰਮਚਾਰੀਆਂ ਦਾ ਰੁਜ਼ਗਾਰਦਾਤਾ ਬਣਨਾ ਚਾਹੁੰਦਾ ਹੈ<br>- ਭਾਗੀਦਾਰ ਨੂੰ ਲਾਜ਼ਮੀ ਤੌਰ 'ਤੇ ਰੁਜ਼ਗਾਰ ਨਾਲ ਸਬੰਧਿਤ ਕੋਈ ਵੀ ਜ਼ਰੂਰੀ ਬੀਮਾ ਪ੍ਰਾਪਤ ਕਰਨਾ ਚਾਹੀਦਾ ਹੈ<br>- FMS ਬਿੱਲਾਂ ਦਾ ਭੁਗਤਾਨ ਕਰੇਗਾ<br>- FMS ਪਿਛੋਕੜ ਅਤੇ ਯੋਗਤਾਵਾਂ ਦੀ ਜਾਂਚ ਕਰੇਗਾ<br>- FMS ਸਾਰੇ ਰੁਜ਼ਗਾਰ ਕਾਨੂੰਨਾਂ ਦੀ ਪਾਲਣਾ ਕਰਨ ਵਿੱਚ ਭਾਗੀਦਾਰ ਦੀ ਸਹਾਇਤਾ ਕਰਦਾ ਹੈ |

| | | |
|---|---|---|
| | | - ਭਾਗੀਦਾਰ ਇਹ ਯਕੀਨੀ ਬਣਾਉਂਦਾ ਹੈ ਕਿ ਟਾਈਮਕਾਰਡ ਸਪੁਰਦ ਅਤੇ ਮਨਜ਼ੂਰ ਕੀਤੇ ਗਏ ਹਨ<br>- ਭਾਗੀਦਾਰ ਇਹ ਯਕੀਨੀ ਬਣਾਉਂਦਾ ਹੈ ਕਿ ਇਨਵੌਇਸ ਸਪੁਰਦ ਅਤੇ ਮਨਜ਼ੂਰ ਕੀਤੇ ਗਏ ਹਨ<br>**FMS ਸਰੋਤ ਪ੍ਰਦਾਨ ਕਰ ਸਕਦਾ ਹੈ, ਪਰ ਉਹ ਰੁਜ਼ਗਾਰ ਕਾਨੂੰਨਾਂ ਲਈ ਜ਼ਿੰਮੇਵਾਰ ਨਹੀਂ ਹਨ**<br><br>ਭਾਗੀਦਾਰ ਦੁਆਰਾ ਕੰਮ 'ਤੇ ਰੱਖੇ ਗਏ ਕਿਸੇ ਵੀ ਸਪੋਰਟ ਸਟਾਫ ਜੋ ਕੰਮ ਸ਼ੁਰੂ ਕਰੇਗਾ, ਨੂੰ ਕੰਮ ਕਰਨ ਤੋਂ ਪਹਿਲਾਂ FMS ਨਾਲ ਨਾਮਾਂਕਣ ਪੂਰਾ ਕਰਨਾ ਪਵੇਗਾ। ਇਹੀ ਗੱਲ ਸਾਰੇ ਸੇਵਾ ਪ੍ਰਦਾਤਾਵਾਂ ਲਈ ਲਾਗੂ ਹੁੰਦੀ ਹੈ।<br><br>ਸਮਾਂ-ਸੀਮਾ: ਗਾਹਕ ਆਪਣੀ ਸਹੂਲਤ ਅਨੁਸਾਰ। |
| ☐ | ਭਾਗੀਦਾਰ ਸਪੋਰਟ ਸਟਾਫ ਅਤੇ ਸੇਵਾ ਪ੍ਰਦਾਨਕਾਂ ਦਾ ਇੰਟਰਵਿਊ ਲੈਂਦਾ ਹੈ ਅਤੇ ਉਹਨਾਂ ਨੂੰ ਨੌਕਰੀ 'ਤੇ ਰੱਖਦਾ ਹੈ | ਭਾਗੀਦਾਰ ਯੋਗ ਸੇਵਾ ਪ੍ਰਦਾਤਾਵਾਂ ਦਾ ਇੰਟਰਵਿਊ ਲੈਣਾ ਅਤੇ ਉਨ੍ਹਾਂ ਨੂੰ ਕੰਮ 'ਤੇ ਰੱਖਣਾ ਸ਼ੁਰੂ ਕਰੇਗਾ।<br><br>ਭਾਗੀਦਾਰ ਇਹਨਾਂ ਪ੍ਰਦਾਤਾਵਾਂ ਨਾਲ ਰੇਟਾਂ ਬਾਰੇ ਗੱਲਬਾਤ ਕਰ ਸਕਦੇ ਹਨ ਅਤੇ ਸੇਵਾ ਦਾ ਇਕਰਾਰਨਾਮਾ ਬਣਾ ਸਕਦੇ ਹਨ।<br><br>*ਭਾਗੀਦਾਰ ਸਰਵਿਸ ਕੋਆਰਡੀਨੇਟਰ ਨਾਲ ਵਿਚਾਰ-ਵਟਾਂਦਰਾ ਕਰੇਗਾ ਕਿ ਕਿਹੜੀਆਂ ਸੇਵਾਵਾਂ ਨੂੰ ਲੋੜ ਦੇ ਨਿਰੰਤਰ ਮੁਲਾਂਕਣ ਕਰਨ ਲਈ ਉਹਨਾਂ ਦੇ ਪ੍ਰਦਾਤਾਵਾਂ ਕੋਲੋਂ ਛਿਮਾਹੀ ਜਾਂ ਸਾਲਾਨਾ ਪ੍ਰਗਤੀ ਰਿਪੋਰਟ ਦੀ ਲੋੜ ਪਵੇਗੀ।<br><br>ਸਮਾਂ-ਸੀਮਾ: ਗਾਹਕ ਆਪਣੀ ਸਹੂਲਤ ਅਨੁਸਾਰ। |

| | | |
|---|---|---|
| ☐ | ਘਰ ਅਤੇ ਭਾਈਚਾਰਾ ਆਧਾਰਤ ਸੇਵਾਵਾਂ ((Home and Community Based Services) **(HCBS) ਦੀ** ਪਾਲਣਾ | DDS ਵੈੱਬਸਾਈਟ 'ਤੇ HCBS ਦੇ ਕਦਮਾਂ ਦੀ ਸਮੀਖਿਆ ਕਰੋ।<br><br>ਅੰਤਮ ਨਿਯਮ<br><br>ਜੇ ਕਲਾਇੰਟ ਕਿਸੇ ਅਪੰਗ, ਸਮੂਹ ਵਿਸ਼ੇਸ਼, ਸਾਈਟ-ਆਧਾਰਿਤ ਸੇਵਾਵਾਂ ਤੱਕ ਪਹੁੰਚ ਕਰੇਗਾ, ਤਾਂ ਮੁਲਾਂਕਣ ਟੂਲ ਨੂੰ ਇਕੱਠਿਆਂ ਪੂਰਾ ਕਰਨ ਲਈ ਪ੍ਰਦਾਤਾ ਨੂੰ ਮਿਲੋ।<br><br>ਸੈਟਿੰਗ ਮੁਲਾਂਕਣ ਟੂਲ ਨੂੰ ਪੂਰਾ ਕਰੋ ਅਤੇ ਆਪਣੇ FMS ਨੂੰ ਭੇਜੋ।<br><br>ਸਾਰੇ ਪ੍ਰਦਾਤਾਵਾਂ ਨੂੰ ਜਰੂਰੀ ਤੌਰ 'ਤੇ HCBS ਦੀ ਪਾਲਣਾ ਕਰਨੀ ਚਾਹੀਦੀ ਹੈ।<br><br>ਸਮਾਂ-ਸੀਮਾ: ਗਾਹਕ ਆਪਣੀ ਸਹੂਲਤ ਅਨੁਸਾਰ। |
| ☐ | ਭਾਗੀਦਾਰ ਖਰਚ ਯੋਜਨਾ ਬਣਾਉਂਦਾ ਹੈ | ਖਰਚੇ ਦੀ ਯੋਜਨਾ ਭਾਗੀਦਾਰ ਦੁਆਰਾ ਇਸ ਗੱਲ ਦੀ ਰੂਪਰੇਖਾ ਵਜੋਂ ਬਣਾਈ ਜਾਂਦੀ ਹੈ ਕਿ IPP ਦੇ ਨਤੀਜਿਆਂ ਨੂੰ ਲੋੜੀਂਦੀਆਂ ਸੇਵਾਵਾਂ ਨਾਲ ਕਿਵੇਂ ਪੂਰਾ ਕੀਤਾ ਜਾਵੇਗਾ।<br>25 ਨਵੰਬਰ, 2025 ਦੇ ਸਵੈ-ਨਿਰਧਾਰਨ ਨਿਰਦੇਸ਼ (D-2025-Self Determination Program (ਸਵੈ-ਨਿਰਧਾਰਨ ਪ੍ਰੋਗਰਾਮ) -003) ਦੇ ਅਨੁਸਾਰ, ਖਰਚੇ ਦੀ ਯੋਜਨਾ ਵਿੱਚ ਸੇਵਾਵਾਂ, ਸੇਵਾਵਾਂ ਕਿੰਨੀ ਵਾਰ ਖਰੀਦੀਆਂ ਜਾਣਗੀਆਂ, SDP ਸੇਵਾ ਕੋਡ ਅਤੇ ਖਰੀਦੀ ਜਾਣ ਵਾਲੀ ਹਰੇਕ ਸੇਵਾ ਅਤੇ ਸਹਾਇਤਾ ਦੀ ਲਾਗਤ ਸ਼ਾਮਲ ਕਰਨ ਦੀ ਜ਼ਰੂਰਤ ਹੈ।<br>Alta ਦੀ ਖਰਚ ਯੋਜਨਾ ਚੈੱਕਲਿਸਟ ਸਵੈ-ਨਿਰਧਾਰਨ ਪ੍ਰੋਗਰਾਮ ਖਰਚ ਯੋਜਨਾ ਚੈੱਕਲਿਸਟ - Alta California Regional Center 'ਤੇ ਮਿਲ ਸਕਦੀ ਹੈ।<br><br>ਖਰਚ ਯੋਜਨਾ ਦੀ ਕੁੱਲ ਰਕਮ ਵਿਅਕਤੀਗਤ ਬਜਟ ਦੀ ਰਕਮ ਤੋਂ ਵੱਧ ਨਹੀਂ ਹੋ ਸਕਦੀ।<br><br>ਸਮਾਂ-ਸੀਮਾ: ਗਾਹਕ ਆਪਣੀ ਸਹੂਲਤ ਅਨੁਸਾਰ। |
| ☐ | ਭਾਗੀਦਾਰ ਤੁਹਾਡੇ ਸਰਵਿਸ ਕੋਆਰਡੀਨੇਟਰ ਨਾਲ ਖਰਚ ਯੋਜਨਾ ਦੀ ਸਮੀਖਿਆ ਕਰਦਾ ਹੈ | ਭਾਗੀਦਾਰ ਇਸ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਸਰਵਿਸ ਕੋਆਰਡੀਨੇਟਰ ਦੇ ਨਾਲ ਖ਼ਰਚੇ ਦੀ ਯੋਜਨਾ ਦੀ ਸਮੀਖਿਆ ਕਰੇਗਾ ਕਿ ਲੋੜੀਂਦੀਆਂ ਸੇਵਾਵਾਂ ਨਾਲ ਸਿੱਟਿਆਂ ਦੀ ਪੂਰਤੀ ਕਿਵੇਂ ਕੀਤੀ ਜਾਵੇਗੀ। ਇੱਕ ਵਾਰ ਜਦ ਸਰਵਿਸ ਕੋਆਰਡੀਨੇਟਰ ਨੂੰ ਖਰਚ ਯੋਜਨਾ ਲਈ ਸਾਰੀਆਂ ਸੇਵਾਵਾਂ ਵਾਸਤੇ ਜਾਣਕਾਰੀ ਮਿਲ ਹੈ, ਤਾਂ ਉਹ SDP ਕਨੂੰਨਾਂ, ਨਿਰਦੇਸ਼ਾਂ, ਅਤੇ ਪਰਿਭਾਸ਼ਾਵਾਂ ਦੇ ਨਾਲ ਇਕਸਾਰਤਾ ਵਾਸਤੇ ਸਮੀਖਿਆ ਕਰਨਗੇ।<br><br>ਇੱਕ ਵਾਰ ਜਦੋਂ ਸਾਰੀਆਂ ਧਿਰਾਂ ਦੁਆਰਾ ਸਹਿਮਤੀ ਬਣ ਜਾਂਦੀ ਹੈ, ਖਰਚਾ ਯੋਜਨਾ 'ਤੇ ਦਸਤਖ਼ਤ ਕੀਤੇ ਜਾਂਦੇ ਹਨ ਅਤੇ FMS ਨੂੰ ਭੇਜੇ ਜਾਂਦੇ ਹਨ। |

| | | |
|---|---|---|
| | | ਸਮਾਂ-ਸੀਮਾ: ਖਰਚ ਯੋਜਨਾ ਦੀ ਪ੍ਰਾਪਤੀ 'ਤੇ, ਸਰਵਿਸ ਕੋਆਰਡੀਨੇਟਰ ਦੋ ਕਾਰੋਬਾਰੀ ਦਿਨਾਂ ਦੇ ਅੰਦਰ ਭਾਗੀਦਾਰ ਨਾਲ ਇੱਕ ਮੀਟਿੰਗ ਤਹਿ ਕਰੇਗਾ। ਯੋਜਨਾ ਟੀਮ ਦੀ ਮੀਟਿੰਗ ਦੇ ਬਾਅਦ ਦੋ ਹਫ਼ਤਿਆਂ ਦੇ ਅੰਦਰ ਖਰਚੇ ਦੀ ਯੋਜਨਾ ਦੀ ਸ਼ੁਰੂਆਤੀ ਸਪੁਰਦਗੀ ਦੀ ਸਮੀਖਿਆ ਕੀਤੀ ਜਾਵੇਗੀ। ਜੇ ਕਿਸੇ ਸੰਸ਼ੋਧਨ ਜਾਂ ਸੋਧ ਦੀ ਲੋੜ ਪੈਂਦੀ ਹੈ, ਤਾਂ ਕੋਈ ਵੀ ਬਾਅਦ ਦੀਆਂ ਬੇਨਤੀਆਂ ਸਰਵਿਸ ਕੋਆਰਡੀਨੇਟਰ ਨੂੰ ਸੌਂਪੀਆਂ ਜਾਣਗੀਆਂ। ਸਰਵਿਸ ਕੋਆਰਡੀਨੇਟਰ ਉਹਨਾਂ ਦੀ ਉਪਲਬਧਤਾ ਬਾਰੇ ਦੱਸੇਗਾ ਅਤੇ ਜਲਦੀ ਤੋਂ ਜਲਦੀ ਉਪਲਬਧ ਸਮੀਖਿਆ ਸਮੇਂ ਦੀ ਪੇਸ਼ਕਸ਼ ਕਰੇਗਾ। |
| ☐ | ਭਾਗੀਦਾਰ ਦੀ ਸਰਵਿਸ ਕੋਆਰਡੀਨੇਟਰ ਨਾਲ SDP IPP ਮੀਟਿੰਗ ਹੁੰਦੀ ਹੈ | ਹੋਰ ਅੱਪਡੇਟਾਂ ਤੋਂ ਇਲਾਵਾ ਪਹਿਲਾਂ ਤੋਂ ਵਿਚਾਰੇ ਗਏ ਅਤੇ ਸਹਿਮਤ ਨਤੀਜਿਆਂ ਨੂੰ ਦਸਤਾਵੇਜ਼ੀ ਰੂਪ ਦੇਣ ਲਈ ਇੱਕ IPP ਮੀਟਿੰਗ ਆਯੋਜਿਤ ਕੀਤੀ ਜਾਵੇਗੀ। ਖਰਚੇ ਦੀ ਯੋਜਨਾ ਅਤੇ FMS ਖਰੀਦਦਾਰੀ ਦੀ ਰੂਪ ਰੇਖਾ ਦੇਣ ਵਾਲੇ IPP ਇਕਰਾਰਨਾਮਾ ਫਾਰਮ 'ਤੇ ਦਸਤਖ਼ਤ ਕੀਤੇ ਜਾਣਗੇ।<br><br>IPP ਇਕਰਾਰਨਾਮੇ 'ਤੇ ਦਸਤਖ਼ਤ ਕਰਨ ਤੋਂ ਬਾਅਦ, ਭਾਗੀਦਾਰ ਨੂੰ ਸਹਿਮਤ ਸ਼ੁਰੂਆਤ ਕਰਨ ਦੀ ਮਿਤੀ 'ਤੇ SDP ਵਿੱਚ ਦਾਖਲ ਕੀਤਾ ਜਾਵੇਗਾ।<br><br>ਸਮਾਂ-ਸੀਮਾ: W&I code 4646(g) ਦੇ ਅਨੁਸਾਰ, ACRC ਉਦੋਂ ਤੱਕ ਸੇਵਾਵਾਂ ਨੂੰ ਅਧਿਕਾਰਤ ਨਹੀਂ ਕਰ ਸਕਦਾ ਜਦੋਂ ਤੱਕ IPP ਇਕਰਾਰਨਾਮਾ ਫਾਰਮ 'ਤੇ ਦਸਤਖ਼ਤ ਨਹੀਂ ਕੀਤੇ ਜਾਂਦੇ। ਇਸ ਲਈ, SDP ਵਿੱਚ ਦਾਖਲ ਹੋਣ ਤੋਂ ਪਹਿਲਾਂ IPP ਹੋਣਾ ਚਾਹੀਦਾ ਹੈ। |

**ਵਾਧੂ ਮਦਦਗਾਰ ਲਿੰਕ:**

| | |
|---|---|
| Department of Developmental Services (ਵਿਕਾਸ ਸੇਵਾਵਾਂ ਵਿਭਾਗ) (DDS) | **SDP-** ਅਕਸਰ ਪੁੱਛੇ ਜਾਣ ਵਾਲੇ ਸਵਾਲ |